# “ਤੂਤਾਂ ਵਾਲਾ ਖੂਹ”ਨਾਵਲ ਦਾ ਵਿਸ਼ਾ ਵਸਤੂ

ਕਲਾਸ: ਬੀ.ਏ.ਪਹਿਲਾ ਸਾਲ (ਇਲੈਕਟਿਵ)

ਪ੍ਰਸਤੁਤ ਕਰਤਾ:ਡਾ. ਜਸਪਾਲ ਸਿੰਘ

-"ਤੂਤਾਂ ਵਾਲਾ ਖੂਹ" ਨਾਵਲ ਸੋਹਣ ਸਿੰਘ ਸੀਤਲ ਦਾ ਲਿਖਿਆ ਹੋਇਆ ਹੈ।ਸੋਹਣ ਸਿੰਘ ਸੀਤਲ ਦਾ ਜਨਮ 1909 ਅਤੇ ਮੌਤ 2000 ਵਿਚ ਹੋਈ।ਸੀਤਲ ਪੰਜਾਬੀ ਨਾਵਲ ਦੀ ਯਥਾਰਥਵਾਦੀ ਪਰੰਪਰਾ ਦਾ ਮੋਢੀ ਨਾਵਲਕਾਰ ਹੈ। ਉਸਦੇ ਪ੍ਰਮੁ¼ਖ ਨਾਵਲ ਦੀਵੇ ਦੀ ਲੋਅ,ਮੁ¼ਲ ਦਾ ਮਾਸ,ਬਦਲਾ,ਕਾਲੇ ਪਰਛਾਵੇਂ,ਜੁਗ ਬਦਲ ਗਿਆ ਆਦਿ ਹਨ।'ਜੁਗ ਬਦਲ ਗਿਆ' ਨਾਵਲ ਉਪਰ ਉਨਾਂ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ।

–“ਤੂਤਾਂ ਵਾਲਾ ਖੂਹ”ਨਾਵਲ ਦਾ ਵਿਸ਼ਾ ਵਸਤੂ ਪ੍ਰਮੁਖ ਰੂਪ ਵਿਚ ਦੇਸ਼ ਦੀ ਆਜ਼ਾਦੀ ਲਈ ਕੀਤੇ ਗਏ ਸੰਗਰਸ਼ ਨਾਲ ਸੰਬੰਧਿਤ ਲਹਿਰਾਂ,ਅੰਗਰੇਜ਼ਾਂ ਦੁਆਰਾ ਆਪਣੀ ਹਕੂਮਤ ਨੂੰ ਬਰਕਰਾਰ ਰ¼ਖਣ ਲਈ ਕੀਤੇ ਗਏ ਕਾਰਜ, ਦੇਸ਼ ਦੀ ਆਜ਼ਾਦੀ ਖ਼ਾਤਿਰ ਕੀਤੀਆਂ ਕੁਰਬਾਨੀਆਂ , ਪੰਜਾਬੀ ਮਨੁ¼ਖ ਦੀ ਭਾਈਚਾਰਕ ਸਾਂਝ ਦਾ ਟੁ¼ਟਣਾ ਤੇ ਨਿਮਨ ਕਿਸਾਨੀ ਦੇ ਦੁਖਾਂਤ ਆਦਿ ਨੂੰ ਬਿਆਨ ਕਰਨਾ ਹੈ।ਵਿਸਥਾਰ ਵਿਚ ਚਰਚਾ ਇਸ ਪ੍ਰਕਾਰ ਹੈ:

1. *ਦੇਸ਼ ਦੀ ਆਜ਼ਾਦੀ ਲਈ ਕੀਤੇ ਗਏ ਸੰਗਰਸ਼ ਨਾਲ ਸੰਬੰਧਿਤ ਲਹਿਰਾਂ:*

-1857 ਦੀ ਪਹਿਲੀ ਲੜਾਈ

- ਕੂਕਾ ਲਹਿਰ

-ਗਦਰ ਲਹਿਰ

-ਗਾਂਧੀ ਜੀ ਦੁਆਰਾ ਨਾ-ਮਿਲਵਰਤਣ ਲਹਿਰ

-ਬ¼ਬਰਾਂ-ਅਕਾਲੀਆਂ ਦੁਆਰਾ ਗੁਰਦੁਆਰਾ ਸੁਧਾਰ ਲਹਿਰ

-ਨੌਜਵਾਨ ਭਾਰਤ ਸਭਾ ਦੀ ਸਥਾਪਨਾ
-ਗਾਂਧੀ ਦਾ ਸਤਿਆਗ੍ਰਹਿ ਅੰਦੋਲਣ
-ਭਾਰਤ-ਛ¼ਡੋ ਅੰਦੋਲਣ
-ਆਜ਼ਾਦ-ਹਿੰਦ ਫੌਜ਼ ਦਾ ਗਠਨ
-ਕਾਂਗਰਸ ਪਾਰਟੀ ਦੀ ਸਥਾਪਨਾ

2. ਲਹਿਰਾਂ,ਅੰਗਰੇਜ਼ਾਂ ਦੁਆਰਾ ਆਪਣੀ ਹਕੂਮਤ ਨੂੰ ਬਰਕਰਾਰ ਰ¼ਖਣ ਲਈ ਕੀਤੇ ਗਏ ਕਾਰਜ:

-ਰੌਲਟ ਐਕਟ ਤੇ ਮਾਰਸ਼ਲ ਲਾਅ ਪਾਸ ਕਰਨਾ

-ਜਲ੍ਹਿਆਂ ਵਾਲੇ ਬਾਗ ਦਾ ਖੂਨੀ ਸਾਕਾ

-ਸਾਈਮਨ ਕਮੀਸ਼ਨ ਦਾ ਭਾਰਤ ਆਉਣਾ

-ਲੰਡਨ ਵਿਚ ਗੋਲਮੇਜ਼ ਕਾਨਫਰੰਸ ਦਾ ਹੋਣਾ

-ਕ੍ਰਿਪਸ ਮਿਸ਼ਨ ਦਾ ਭਾਰਤ ਆਉਣਾ

-'ਪਾੜੋ ਅਤੇ ਰਾਜ ਕਰੋ' ਦੀ ਨੀਤੀ ਅਪਨਾਉਣਾ

-ਦੇਸ਼ ਦਾ ਦੋ ਮੁਲਕਾਂ ਵਿਚ ਵੰਡਿਆ ਜਾਣਾ

3. ਦੇਸ਼ ਦੀ ਆਜ਼ਾਦੀ ਖ਼ਾਤਿਰ ਕੀਤੀਆਂ ਕੁਰਬਾਨੀਆਂ:

-ਲਾਲਾ ਲਾਜਪਤ ਰਾਇ ਦੀ ਸ਼ਹੀਦੀ

-ਨਾਮਧਾਰੀਆਂ ਦੀਆਂ ਕੁਰਬਾਨੀਆਂ

-ਬ¼ਬਰਾਂ-ਅਕਾਲੀਆਂ ਦੀਆਂ ਕੁਰਬਾਨੀਆਂ

-ਸ਼ਹੀਦ ਭਗਤ,ਰਾਜਗੁਰੂ ਤੇ ਸੁਖਦੇਵ ਦਾ ਫਾਂਸੀ ਚੜ੍ਹਨਾ

-ਉਦਮ ਸਿੰਘ ਦੀ ਸ਼ਹੀਦੀ

## 4.ਪੰਜਾਬੀ ਮਨੁ¼ਖ ਦੀ ਭਾਈਚਾਰਕ ਸਾਂਝ ਦਾ ਟੁ¼ਟਣਾ ਤੇ ਨਿਮਨ ਕਿਸਾਨੀ ਦੇ ਦੁਖਾਂਤ:

- -ਧੰਨੇ ਸ਼ਾਹ ਦੁਆਰਾ ਤੂਤਾਂ ਵਾਲੇ ਖੂਹ ਉਪਰ ਗਾਂ ਅਤੇ ਸੂਰ ਦਾ ਮਾਸ ਸੁ¼ਟ ਕੇ ਫਿਰਕਾਪ੍ਰਸਤੀ ਨੂੰ ਭੜਕਾਉਣਾ
- -ਧੰਨੇ ਸ਼ਾਹ ਦੁਆਰਾ ਇਲਮਦੀਨ ਤੇ ਸ¼ਜਣ ਸਿੰਘ ਵਿਚਕਾਰ ਫੁ¼ਟ ਪਾਉਣੀ
- -ਫ਼ਜ਼ਲ ਹ¼ਕ ਨੂੰ ਫ਼ਿਰਕੂ ਪ੍ਰਚਾਰ ਕਰਨ ਲਈ ਮੁਹਰਾ ਬਨਾਉਣਾ
- -ਧੰਨੇ ਸ਼ਾਹ ਦੁਆਰਾ ਇਲਮਦੀਨ ਤੇ ਸ¼ਜਣ ਸਿੰਘ ਨੂੰ ਕਰਜ਼ ਦੇ ਕੇ ਉਨਾਂ ਦੀ ਜ਼ਮੀਨ ਹੜ¼ਪਣਾ
- -ਚੇਤ ਸਿੰਘ ਦੁਆਰਾ ਗਦਰੀਆਂ ਵਿਰੁ¼ਧ ਝੂਠੀਆਂ ਗਵਾਹੀਆਂ
- -ਮੌਲਵੀ ਦੁਆਰਾ ਪੀਰੂਵਾਲੇ ਵਿਖੇ ਇਕ¼ਠ ਵਿਚ ਫ਼ਿਰਕੂ ਜ਼ਹਿਰ ਉਗਲਣਾ

# ਧੰਨਵਾਦ